ਖਾਲਸਾ ਤਵਾਰੀਖ

ਦਾ

ਪਹਿਲਾ ਪੱਤ੍ਰਾ

ਪ੍ਰਕਾਸ਼ਕ:-
ਦਾਨ ਸਿੰਘ

ੴ ਸਤਿਗੁਰ ਪ੍ਰਸਾਦਿ ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ ॥

ਖਾਲਸਾ ਤਵਾਰੀਖ

ਦਾ

ਪਹਿਲਾ ਪੱਤ੍ਰਾ

ਜਿਸ ਨੂੰ

ਸ੍ਰੀ ਮਾਨ ਭਾਈ ਦਾਨ ਸਿੰਘ ਜੀ

ਦਰੀਆ ਪੁਰ ਨੇ

ਖਾਲਸਾ ਧਰਮੀਆਂ ਦੇ ਲਾਭ ਤੇ ਪ੍ਰਚਾਰ ਹਿਤ ਪ੍ਰਕਾਸ਼ਤ ਕੀਤਾ

ਮਾਰਚ ੧੯੩੭

ਦੂਜੀ ਵਾਰ ਭੇਟਾ ਵਿਚਾਰ ਤੇ ਵਰਤੋਂ

2ਈ੪ ੬੯੧੧
ਨੰ ੫੮ ਦਾ
2976 19

"ਗਜਾਨੀ ਪ੍ਰੈਸ" ਅੰਮ੍ਰਿਤਸਰ ਵਿੱਚ ਸ: ਭਗਤ ਸਿੰਘ ਜੀ 'ਪ੍ਰਦੇਸੀ'
ਪ੍ਰਿੰਟਰ ਤੇ ਪਬਲਿਸ਼ਰ ਦੇ ਯਤਨ ਨਾਲ ਛਾਪਿਆ ।

ਸਮਰਪਨ

ਅਦੁਤੀ, ਨਿਰਮਾਣ, ਸ਼ਾਂਤਚਿਤ, ਪੂਰਣ ਗੁਰ ਸਿਖ, ਲੋੜ ਮੰਦਾਂ ਦਾ ਸਹਾਰਾ, ਤੇ ਬੇ ਗਰਜ਼ ਪੰਥ ਸੇਵਕ ਸਰਦਾਰ ਸਾਹਿਬ ਸਰਦਾਰ ਹਰਨਾਮ ਸਿੰਘ ਜੀ ਸਬ ਇਨਸਪੈਕਟਰ ਨੈਨੇਵਾਲਾ ਰਿਆਸਤ ਪਟਿਆਲਾ ਹੁਣ ਐਫ. ਐਮ. ਐਸ. ਪੁਲੀਸ ਈਪੂ ਪੋਰਾਕ ਦੀ ਸੇਵਾ ਵਿਚ ਉਨ੍ਹਾਂ ਦੇ ਹਿਤੂ ਤੇ ਚਾਸ ਦਾਨ ਸਿੰਘ 'ਦਰੀਆਪੁਰ'

ਵਲੋਂ ।

ਸੂਚਨਾ

ਇਹ ਟ੍ਰੈਕਟ ਦੂਜੀ ਵੇਰ ਛਪਕੇ

'ਗੁਰਪੁਰਬ ਵਿਸਾਖੀ'

{ ਸੰ: ੪੬੮ ਗੁ: ਨਾ:
ਮੁਤਾਬਿਕ ੧੩ ਅਪ੍ਰੈਲ ਸੰ: ੧੯੩੭ ਈ: }

ਦੀ ਪਰਮ ਖੁਸ਼ੀ ਵਿਖੇ ਹਾਜ਼ਰ ਹੈ।

ਮਿਲਨ ਦਾ ਪਤਾ—

ਦਾਨ ਸਿੰਘ ਦਰੀਆ ਪੁਰ

ਡਾਕ ਘਰ ਬੁਡਲਾਢਾ

(ਜ਼ਿਲਾ ਹਿਸਾਰ)

ਦੂਜੀ ਐਡੀਸ਼ਨ ਸਬੰਧੀ ਬੇਨਤੀ

ਇਸੇ ਪੁਸਤਕ ਦੀ ਪਹਿਲੀ ਐਡੀਸ਼ਨ ਦੀ ੧੦੦੦ ਕਾਪੀ ਫਰਵਰੀ ੧੯੩੬ ਈਸਵੀ ਵਿੱਚ ਛਪਵਾਕੇ ਮੁਫਤ ਵੰਡੀ ਜਾ ਚੁਕੀ ਹੈ, ਸਿਰਫ ਇਸੇ ਲਾਲਸਾ ਨੂੰ ਮੁਖ ਰਖਕੇ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ "ਪੁਰਬ" ਕੱਤਕ ਦੀ ਬਜਾਏ ਵਿਸਾਖ ਵਿਚ ਮਨਾਇਆ ਜਾਇਆ ਕਰੇ, ਕਿਉਂਕਿ ਖਾਲਸਾ ਇਤਿਹਾਸ ਚੰਗੀ ਤਰ੍ਹਾਂ ਨਿਰਨੇ ਹੋ ਚੁਕਾ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਵਿਸਾਖ ੧੫੨੬ ਬਿਕਰਮੀ ਹੈ।

ਭਾਵੇਂ ਹੁਣ ਦੁਬਾਰਾ ਛਪਵੌਣ ਸਬੰਧੀ ਕੋਈ ਖਾਸ ਉਦਮ ਨਹੀਂ ਕੀਤਾ ਗਿਆ ਹੈ ਸਿਰਫ ਦੋ ਚਾਰ ਪ੍ਰੇਮੀਆਂ ਦੇ ਜ਼ੋਰ ਦੇਣ ਤੇ ਹੀ ਸੰਗਤਾਂ ਦੀ ਉਸੇ ਤਰ੍ਹਾਂ ਹੀ ਮੁਫਤ ਭੇਟਾ ਹੈ ਜਿਸ ਤਰ੍ਹਾਂ ਪਹਿਲੇ ਸੀ, ਪਰੰਤੂ ਏਹ ਅਤੀ ਹੀ ਅਫਸੋਸ ਨਾਲ ਲਿਖਿਆ ਜਾਂਦਾ ਹੈ ਕਿ ਸਿਖਾਂ ਵਿਚ ਕੋਈ ਗਲਤ ਤਰੀਕਾ ਘਰ ਕਰ ਜਾਵੇ ਫਿਰ ਓਸੇ ਨੂੰ ਹੀ ਪਿਤਾ ਪੁਰਖੀ ਦੀ ਲਕੀਰ ਮੰਨਕੇ ਮਗਰ ਲਗਕੇ ਤੁਰੀ ਜਾਂਦੇ ਹਨ। ਸੋਚਨ ਵਾਲੀ ਗਲ ਹੈ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਅਸਲੀ ਗੁਰਪੁਰਬ ਕਿਉਂ ਨਹੀਂ ਮਨਾਇਆ ਜਾਂਦਾ? ਏਹਦਾ ਕਾਰਨ ਕੀ ਹੈ? ਇਸ ਦਾ ਕਾਰਨ ਸਿਰਫ ਏਹੀ ਹੋ ਸਕਦਾ ਹੈ ਕਿ ਸਿਖਾਂ ਵਿਚ ਦੇਖੋ ਦੇਖੀ ਬਹੁਤੀ ਹੈ, ਸਾਂਝੇ ਕੰਮ ਨੂੰ ਉਤਨਾ ਚਿਰ ਕੋਈ ਹੱਥ ਨਹੀਂ ਪੌਂਦਾ ਜਿਤਨਾ ਚਿਰ ਕੋਈ ਜ਼ਾਤੀ ਲਾਭ ਨਾ ਪਰਤੀਤ ਹੋਵੇ।

ਇਸ ਪਰਥਾਏ ਕਿਸੇ ਨੂੰ ਲਿਖਣ ਜਾਂ ਬੋਲਨ ਦੀ ਲੋੜ ਹੀ ਕੀ? ਕਿਉਂਕਿ ਸਾਂਝਾ ਕੰਮ ਜੂ ਹੋਇਆ, ਜੇਕਰ ਕੌਂਸਲ ਦਾ ਮੈਂਬਰ ਹੋਣਾ ਹੋਵੇ, ਕੋਈ ਘਰੋਗੀ ਲਾਭ ਹੋਵੇ, ਕਿਸੀ ਪਰੈਜ਼ੀਡੰਟ ਜਾਂ ਸੈਕਟਰੀ ਦੀ ਆਪ ਦੀ ਜਾਂ ਆਪ ਦੇ ਕਿਸੀ ਨਿਕਟ ਵਰਤੀ ਦੀ ਪੰਥ ਵਿੱਚ ਮਸ਼ਹੂਰੀ ਕਰਨੀ ਹੋਵੇ ਤਾਂ ਬਹੁਤ ਕੁਛ ਰੁਪਿਆ ਪੰਥਕ ਸੇਵਾ ਕੈਹਕੇ ਖਰਚ ਕੀਤਾ ਜਾ ਸਕੀਦਾ ਹੈ ਅਤੇ ਸਿਖ ਪ੍ਰੈਸ ਭੀ ਅਡੀ ਚੋਟੀ ਦਾ ਜ਼ੋਰ ਲਾਕੇ ਕੈਹ ਸਕਦਾ ਹੈ ਕਿ ਖਾਲਸਾ ਜੀ ਜੋ ਕੁਛ ਇਸ ਸਰਦਾਰ ਜਾਂ ਭਾਈ ਨੇ ਕੀਤਾ ਹੈ, ਅਦੁਤੀ ਹੈ। ਪਰੰਤੂ ਸ਼੍ਰੀ ਗੁਰੂ ਨਾਨਕ ਦੇਵ ਜੀ ਸਾਂਝਾ ਗੁਰੂ ਹੈ, ਕੌਣ ਕਿਸ ਨੂੰ ਪੈਸੇ ਦੇਵੇ, ਕਿਸ ਤਰ੍ਹਾਂ ਸਿਖ ਪਰੈਸ ਤੋਂ ਦੋ ਅੱਖਰ ਲਿਖਵਾਵੇ।

ਅਖੀਰ ਵਿਚ ਮੈਂ ਸਰਬ ਸਿਖ ਸੰਪਰਦਾਏ ਦੀ ਸੇਵਾ ਵਿੱਚ ਅਦਬ ਸਹਿਤ ਬੇਨਤੀ ਕਰਦਾ ਹਾਂ ਕਿ ਏਹ ਸਵਾਲ ਭੀ ਬਹੁਤ ਜ਼ਰੂਰੀ ਹੈ। ਹਰ ਹਾਲਤ ਵਿਚ ਇਸ ਤੇ ਵਿਚਾਰ ਕਰਨੀ ਉਚਿਤ ਹੈ। ਜੇਕਰ ਠੀਕ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਆਗਮਨ ਦਿਹਾੜਾ ਵਿਸਾਖ ਹੈ ਤਾਂ ਥਾਂ ਪਰ ਥਾਂ ਵਿਚਾਰ ਤੇ ਵਰਤੋਂ ਕਰਕੇ ਕਿਸੀ ਸਿਟੇ ਤੇ ਪੁਜ ਜਾਣਾ ਚਾਹੀਦਾ ਹੈ।

ਦਾਸ—ਦਾਨ ਸਿੰਘ "ਦਰੀਆਪੁਰ"
ਡਾਕ ਘਰ ਬੁਢਲਾਡਾ,
ਜ਼ਿਲਾ ਹਿਸਾਰ

ਫਰਵਰੀ
੧੯੩੭

TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.